**Vigilance Bureau Punjab**

# VIGILANCE NABS PWD JE FOR TAKING BRIBE

## His accomplice JE also booked

Chandigarh May 13: State Vigilance Bureau today arrested Junior Engineer (JE) of PWD for taking bribe and also registered bribery case against his accomplice JE in this case.

Disclosing this here an official spokesperson of the Vigilance Bureau said JE Honey Bansal posted at NHAI Central Works Division No.-2, PWD (B&R) at Bathinda was arrested on the complaint of Jagroop Singh of Village Gholia Khurd in Moga district.

The complaint has approached the VB and alleged that the accused JEs Honey Bansal and his accomplice Amarjeet Singh were demanding 10% of total amount i.e. Rs.4,70,000 in lieu of evaluation of his hotel land which came under accusation plan of National Highway 254. He further informed that he had already paid Rs. 3,50,000 to the accused JEs as a first installment.

After verifying his information, a Vigilance team laid a trap and the accused JE Honey Bansal arrested on the spot while accepting bribe of Rs. 80,000 as second installment from the complainant in the presence of two official witnesses.

The spokesperson informed that a case under Prevention of Corruption Act has been registered against both the accused at VB police station Ferozepur and further investigation was under progress.

----------------

**ਵਿਜੀਲੈਂਸ ਬਿਓਰੋ ਪੰਜਾਬ**

# ਵਿਜੀਲੈਂਸ ਵੱਲੋਂ ਲੋਕ ਨਿਰਮਾਣ ਵਿਭਾਗ ਦਾ ਜੇ.ਈ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

**ਸਹਿਦੋਸ਼ੀ ਜੇ.ਈ ਖਿਲਾਫ ਵੀ ਮੁਕੱਦਮਾ ਦਰਜ**

ਚੰਡੀਗੜ੍ਹ 13 ਮਈ: ਪੰਜਾਬ ਵਿਜੀਲੈਂਸ ਬਿਊਰੋ ਨੇ ਨੈਸ਼ਨਲ ਹਾਈਵੇਅ ਅਥਾਰਟੀ, ਸੈਂਟਰਲ ਡਵੀਜਨ ਨੰਬਰ -2, ਲੋਕ ਨਿਰਮਾਣ ਵਿਭਾਗ, ਜਿਲਾ ਬਠਿੰਡਾ ਵਿਖੇ ਤਾਇਨਾਤ ਜੂਨੀਅਰ ਇੰਜੀਨੀਅਰ ਹਨੀ ਬਾਂਸਲ ਨੂੰ ਰਿਸ਼ਵਤ ਲੈਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ ਅਤੇ ਇਸੇ ਕੇਸ ਵਿਚ ਸ਼ਾਮਲ ਦੂਜੇ ਜੇ.ਈ ਖਿਲਾਫ਼ ਵੀ ਰਿਸ਼ਵਤ ਲੈਣ ਸਬੰਧੀ ਮੁਕੱਦਮਾ ਦਰਜ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਜੇ.ਈ ਹਨੀ ਬਾਂਸਲ ਨੂੰ ਸ਼ਿਕਾਇਤਕਰਤਾ ਜਗਰੂਪ ਸਿੰਘ ਵਾਸੀ ਪਿੰਡ ਘੋਲੀਆ ਖੁਰਦ, ਜਿਲਾ ਮੋਗਾ ਦੀ ਸ਼ਿਕਾਇਤ ’ਤੇ 80,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਸ ਦੇ ਹੋਟਲ ਦੀ ਜਮੀਨ ਜੋ ਕਿ ਕੌਮੀ ਸ਼ਾਹਰਾਹ 254 ਨੂੰ ਚੌੜੀ ਕਰਨ ਦੀ ਸਕੀਮ ਵਿਚ ਆ ਗਈ ਸੀ ਉਸ ਦੀ ਕੀਮਤ ਵੱਧ ਨਿਰਧਾਰਤ ਕਰਨ ਬਦਲੇ ਦੋਵੇ ਜੇ.ਈ ਹਨੀ ਬਾਂਸਲ ਅਤੇ ਅਮਰਜੀਤ ਸਿੰਘ ਵਲੋ ਜਮੀਨ ਦੀ ਕੁੱਲ ਕੀਮਤ ਦਾ 10 ਫੀਸਦੀ ਹਿੱਸਾ ਭਾਵ 4,70,000 ਰੁਪਏ ਦੀ ਮੰਗ ਕੀਤੀ ਗਈ ਹੈ ਅਤੇ ਜਿਸ ਵਿਚੋ ਉਹ ਵਲੋ 3,50,000 ਰੁਪਏ ਪਹਿਲੀ ਕਿਸ਼ਤ ਵਜੋ ਦੇ ਚੁੱਕਾ ਹੈ।

ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਜੇ.ਈ ਹਨੀ ਬਾਂਸਲ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ ਦੂਸਰੀ ਕਿਸ਼ਤ ਦੇ 80,000 ਰੁਪਏ ਦੀ ਰਿਸ਼ਵਤ ਲੈਂਦਿਆਂ ਦਬੋਚ ਲਿਆ।

ਬੁਲਾਰੇ ਨੇ ਦੱਸਿਆ ਕਿ ਉਕਤ ਦੋਹਾਂ ਦੋਸ਼ੀਆਂ ਖਿਲਾਫ਼ ਵਿਜੀਲੈਂਸ ਬਿਓਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਫਿਰੋਜਪੁਰ ਸਥਿਤ ਵਿਜੀਲੈਂਸ ਬਿਓਰੋ ਦੇ ਥਾਣੇ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।